OFFICE OF THE SENIOR SUPERINTENDENT OF POLICE, FEROZEPUR

ਦਫਤਰ ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ।

(E-Mail: dpo.frz.police@punjab.gov.in)

# ***PRESS NOTE***



## ਜਿਲਾ ਪੁਲਿਸ ਫਿਰੋਜ਼ਪੁਰ ਵੱਲੋਂ ਮਾੜੇ ਅਨਸਰਾਂ ਖਿਲਾਫ ਜ਼ਾਰੀ ਮੁਹਿੰਮ ਤਹਿਤ 04 ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਹਨਾਂ ਪਾਸੋਂ 1 ਕਿਲੋ 200 ਗ੍ਰਾਮ ਅਫ਼ੀਮ, 70 ਗ੍ਰਾਮ ਹੈਰੋਇਨ, 1 ਘੋੜਾ ਟਰਾਲਾ ਅਤੇ 1 ਮੋਟਰਸਾਇਕਲ ਬਰਾਮਦ ਕੀਤਾ ਗਿਆ।

ਫਿਰੋਜ਼ਪੁਰ : 17-02-2023.

ਸ੍ਰੀਮਤੀ ਕੰਵਰਦੀਪ ਕੌਰ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ ਪੰਜਾਬ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਅਤੇ ਸ਼ਰਾਰਤੀ ਅਨਸਰਾਂ ਦੀਆਂ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਲੜੀ ਵਿੱਚ ਜਿਲ੍ਹਾ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ।

ਇਸ ਮੁਹਿੰਮ ਤਹਿਤ ਮਿਤੀ 16-02-2023 ਨੂੰ 03 ਵੱਖ-ਵੱਖ ਟੀਮਾਂ ਦੇ ਹੱਥ ਸਫਲਤਾ ਲੱਗੀ, ਜਿੰਨਾਂ ਵੱਲੋਂ ਕਾਨੂੰਨ ਅਨੁਸਾਰ ਕਾਰਵਾਈ ਕਰਦਿਆਂ 03 ਵੱਖ-ਵੱਖ ਮਾਮਲਿਆਂ ਵਿੱਚ 04 ਅਪਰਾਧੀਆਂ ਨੂੰ ਕਾਬੂ ਕਰਕੇ ਉਹਨਾਂ ਪਾਸੋਂ ਅਫੀਮ ਅਤੇ ਹੈਰੋਇੰਨ ਬਰਾਮਦ ਕੀਤੀ ਗਈ। ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਟੀਮ | ਬਰਾਮਦਗੀ | ਮੁਕੱਦਮਾਂ ਨੰਬਰ | ਦੋਸ਼ੀ |
|---|---|---|---|
| SI ਮੰਗਲ ਸਿੰਘ ਸੀ.ਆਈ.ਏ ਸਟਾਫ਼ ਫਿਰੋਜ਼ਪੁਰ | 1 ਕਿਲੋ 200 ਗ੍ਰਾਮ ਅਫ਼ੀਮ ਤੇ 01 ਘੋੜਾ ਟਰਾਲਾ ਟਰੱਕ ਨੰਬਰ PB-04-V-9847 | ਮੁਕੱਦਮਾਂ ਨੰਬਰ 15 ਮਿਤੀ 16.02.2023 ਅ/ਧ 18/61/85 NDPS ACT ਥਾਣਾ ਕੁਲਗੜੀ। | ਗੁਰਪ੍ਰੀਤ ਸਿੰਘ ਉਰਫ ਗੋਰਾ ਪੁੱਤਰ ਗੁਰਮੀਤ ਸਿੰਘ ਵਾਸੀ ਬਹਿਕ ਗੁੱਜਰਾਂ ਥਾਣਾ ਸਦਰ ਜੀਰਾ। |
| SI ਜੱਜਪਾਲ ਸਿੰਘ ਸੀ.ਆਈ.ਏ ਸਟਾਫ਼ ਫਿਰੋਜ਼ਪੁਰ | 50 ਗ੍ਰਾਮ ਹੈਰੋਇਨ ਤੇ 1 ਮੋਟਰਸਾਇਕਲ ਹੀਰੋ ਹਾਂਡਾ ਸਪਲੈਂਡਰ ਰੰਗ ਕਾਲਾ | ਮੁਕੱਦਮਾਂ ਨੰਬਰ 26 ਮਿਤੀ 16.02.2023 ਅ/ਧ 21/61/85 NDPS ACT ਥਾਣਾ ਮਮਦੋਟ। | 1) ਲਵਿਸ਼ ਕੁਮਾਰ ਪੁੱਤਰ ਰਕੇਸ਼ ਕੁਮਾਰ ਵਾਸੀ ਦਸ਼ਮੇਸ਼ ਨਗਰ ਵਾਰਡ ਨੰਬਰ 4, ਜਲਾਲਾਬਾਦ ਜਿਲ੍ਹਾ ਫਾਜਿਲਕਾ।<br>2) ਗੌਰਵ ਕੁਮਾਰ ਉਰਫ ਅਜੈ ਕੁਮਾਰ ਪੁੱਤਰ ਰਜਿੰਦਰ ਕੁਮਾਰ ਵਾਸੀ ਲੱਲਾ ਬਸਤੀ ਨੇੜੇ ਦਾਣਾ ਮੰਡੀ ਜਲਾਲਬਾਦ, ਫਾਜਿਲਕਾ। |
| SI ਗੁਰਦੀਪ ਕੌਰ ਥਾਣਾ ਗੁਰੂਹਰਸਹਾਏ | 20 ਗ੍ਰਾਮ ਹੈਰੋਇਨ। | ਮੁਕੱਦਮਾਂ ਨੰਬਰ 22 ਮਿਤੀ 16.02.2023 ਅ/ਧ 21/61/85 NDPS ACT ਥਾਣਾ ਗੁਰੂਹਰਸਹਾਏ। | ਦਿਲਦੀਪ ਸਿੰਘ ਉਰਫ ਦੀਪਾ ਪੁੱਤਰ ਜਸਪ੍ਰੀਤ ਸਿੰਘ ਵਾਸੀ ਪਿੰਡ ਕਾਹਨ ਸਿੰਘ ਵਾਲਾ, ਥਾਣਾ ਗੁਰੂਹਰਸਹਾਏ। |